ਮਿੱਠੇ ਬੱਚੇ:- "ਮਿੱਠੇ ਬੱਚੇ :- ਪੁਰਾਣੀ ਦੁਨੀਆਂ ਤੋਂ ਮਮਤਵ ਛੱਡ ਸਰਵਿਸ ਕਰਨ ਦਾ ਸ਼ੋਕ ਰੱਖੋ, ਖੁਸ਼ੀ ਵਿਚ ਰਹੋ ਅਤੇ ਸਰਵਿਸ ਵਿਚ ਕਦੇ ਥੱਕਣਾ ਨਹੀਂ ਹੈ।"

ਪ੍ਰਸ਼ਨ:- ਪ੍ਰਸ਼ਨ:- ਜਿਨ੍ਹਾਂ ਬੱਚਿਆਂ ਨੂੰ ਗਿਆਨ ਦਾ ਨਸ਼ਾ ਚੜ੍ਹਿਆ ਹੋਵੇਗਾ ਉਨ੍ਹਾਂ ਦੀ ਨਿਸ਼ਾਨੀ ਕਿ ਹੋਵੇਗੀ?

ਉੱਤਰ:- ਉਨ੍ਹਾਂ ਨੂੰ ਸੇਵਾ ਦਾ ਬੜਾ ਸ਼ੌਕ ਹੋਵੇਗਾ, ਉਹ ਸਦੈਵ ਸਰਵਿਸ ਕਰਨ ਨੂੰ ਤਿਆਰ ਰਹਿਣਗੇ। ਸਭ ਨੂੰ ਬਾਪ ਦਾ ਪਰਿਚੇ ਦੇ ਕੇ ਸਬੂਤ ਦੇਣਗੇ। ਬਾਦਸ਼ਾਹੀ ਸਥਾਪਨ ਕਰਨ ਦੇ ਲਈ ਸਹਿਣ ਵੀ ਕਰਨਾ ਪਵੇ ਤਾਂ ਕਰਨਗੇ। ਬਾਪ ਦੇ ਪੂਰੇ-ਪੂਰੇ ਮਦਦਗਾਰ ਬਣ ਭਾਰਤ ਨੂੰ ਸਵਰਗ ਬਣਾਉਣ ਦੀ ਸੇਵਾ ਕਰਨਗੇ।

ਗੀਤ:- ਮਾਤਾ ਓ ਮਾਤਾ ਤੂੰ ਹੈ, ਸਭ ਦੀ ਭਾਗਿਆ ਵਿਧਾਤਾ...

ਓਮ ਸ਼ਾਂਤੀ। ਹੁਣ ਨੰਬਰਵਾਰ ਪੁਰਸ਼ਾਰਥ ਅਨੁਸਾਰ ਬੱਚੇ ਮਾਤਾ ਨੂੰ ਜਾਣਦੇ ਹਨ, ਹੁਣ ਮਾਂ ਨੂੰ ਜਾਣਦੇ ਹਨ ਤਾਂ ਬਾਪ ਨੂੰ ਵੀ ਜਰੂਰ ਜਾਨਣਗੇ। ਇਹ ਮਾਂ ਬਾਪ ਸੋਭਾਗਿਆ ਵਿਧਾਤਾ ਅਤੇ ਭਾਗਿਆ ਵਿਧਾਤਾ ਹਨ। ਸੋਭਾਗਿਆ ਵਿਧਾਤਾ ਉਨ੍ਹਾਂ ਨੂੰ ਕਹਾਂਗੇ ਜੋ ਆਪਣਾ ਪੂਰਾ ਪੁਰਸ਼ਾਰਥ ਕਰ ਸੋਭਾਗਿਆ ਬਣਾਉਂਦੇ ਹਨ। ਸੂਰਜਵੰਸ਼ੀ, ਚੰਦਰਵੰਸ਼ੀ ਘਰਾਨੇ ਦਾ ਵਰਸਾ ਲੈਂਦੇ ਹਨ, ਉਹ ਵੀ ਨੰਬਰਵਾਰ। ਬਹੁਤ ਤਾਂ ਅਜਿਹੇ ਵਿਭਨ ਜਿਵੇਂ ਭੀਲ ਹੁੰਦੇ ਹਨ ਨਾ। ਬਹੁਤ ਸਧਾਰਨ ਪਰਜਾ ਵਿਚ ਜਾਕੇ ਜਨਮ ਲੈਣਗੇ। ਉਹ ਪਦਵੀ ਨਹੀਂ ਪਾ ਸਕਦੇ। ਬਾਪ ਤਾਂ ਜਰੂਰ ਸਮਝਾਉਣਗੇ ਬੱਚੇ ਇਸ ਪੁਰਾਣੀ ਦੁਨੀਆ ਨਾਲ ਮਮਤਵ ਨਾ ਰੱਖੋ। ਦੁਨੀਆ ਵਿਚਾਰੀ ਤਾਂ ਚਿਲਾਉਂਦੀ ਰਹਿੰਦੀ ਹੈ। ਬੱਚਿਆਂ ਵਿੱਚ ਸਰਵਿਸ ਕਰਨ ਦਾ ਸ਼ੋਕ ਅਤੇ ਉਮੰਗ ਹੋਣੀ ਚਾਹੀਦੀ ਹੈ। ਕਈਆ ਨੂੰ ਭਾਵੇਂ ਉਮੰਗ ਤਾਂ ਹੁੰਦੀ, ਪਰ ਸਰਵਿਸ ਕਰਨ ਦਾ ਤਰੀਕਾ ਨਹੀਂ ਆਉਂਦਾ ਹੈ। ਡਾਇਰੈਕਸ਼ਨ ਤਾਂ ਬੜੇ ਮਿਲਦੇ ਹਨ, ਲਿਖਤ ਵੀ ਬੜੀ ਕਲੀਅਰ ਚਾਹੀਦੀ ਹੈ। ਤ੍ਰਿਮੂਰਤੀ ਅਤੇ ਝਾੜ ਦੇ ਚਿੱਤਰ 30 ਬਾਏ 40 ਦੇ ਹੋਣੇ ਚਾਹੀਦੇ ਹਨ। ਇਹ ਬੜੀਆਂ ਫਾਇਦੇਮੰਦ ਚੀਜ਼ਾਂ ਹਨ, ਪਰ ਬੱਚਿਆਂ ਨੂੰ ਇਨ੍ਹਾਂ ਦੀ ਕਦਰ ਘਟ ਹੈ। ਚਾਹੇ ਸੰਜੇ ਦਾ ਬੜਾ ਮਾਨ ਹੈ ਪਰ ਉਹ ਪਿਛਾੜੀ ਦਾ ਗਾਇਨ ਹੈ। ਜਿਵੇਂ ਕਹਿੰਦੇ ਹਨ ਅਤਿਇੰਦਰੀਆਂ ਸੁਖ ਗੋਪ ਗੋਪੀਆਂ ਨੂੰ ਪੁੱਛੋ। ਉਹ ਵੀ ਪਿਛਾੜੀ ਦੀ ਅਵਸਥਾ ਦਾ ਗਾਇਨ ਹੈ। ਹਾਲੇ ਉਹ ਸੁੱਖ ਕਿਸੇ ਨੂੰ ਥੋੜੀ ਹਨ। ਹਾਲੇ ਤਾਂ ਰੋਂਦੇ ਡਿੱਗਦੇ ਰਹਿੰਦੇ ਹਨ, ਮਾਇਆ ਥੱਪੜ ਮਾਰ ਦਿੰਦੀ ਹੈ। ਭਾਵੇਂ ਰੋਜ ਆਉਂਦੇ ਹਨ ਪਰ ਉਹ ਨਸ਼ਾ ਥੋੜੀ ਚੜਦਾ ਹੈ। ਤੁਹਾਨੂੰ ਸਰਵਿਸ ਦੇ ਚਾਂਸ ਬੜੇ ਮਿਲਦੇ ਹਨ।

ਹੁਣ ਕਹਿੰਦੇ ਰਹਿੰਦੇ ਹਨ ਵਨ ਰਿਲੀਜਨ ਹੋਵੇ, ਭਾਰਤ ਵਿੱਚ ਇਕ ਗੌਰਮਿੰਟ ਸੀ। ਉਸਨੂੰ ਹੀ ਸਵਰਗ ਕਿਹਾ ਜਾਂਦਾ ਸੀ। ਪਰ ਕੋਈ ਜਾਣਦੇ ਨਹੀਂ। 5 ਹਜਾਰ ਸਾਲ ਪਹਿਲੋਂ ਰਾਮ ਦੇ ਰਾਜ (ਸਤਿਯੁਗ, ਤ੍ਰੇਤਾ) ਵਿੱਚ ਇਕ ਹੀ ਗੌਰਮਿੰਟ ਸੀ। ਕਿਉਂਕਿ ਰਾਮ ਰਾਜ ਵਿੱਚ ਵੀ ਇਕ ਗੌਰਮਿੰਟ ਸੀ। ਦੋ ਨਹੀਂ ਸਨ, ਜੋ ਤਾਲੀ ਵਜੇ। ਇਥੇ ਵੀ ਕਹਿੰਦੇ ਰਹਿੰਦੇ ਹਨ, ਹਿੰਦੂ ਚੀਨੀ ਭਾਈ-2 ਫਿਰ ਦੇਖੋ ਕੀ ਕਰਦੇ ਰਹਿੰਦੇ ਹਨ। ਗੋਲੀ ਚਲਾਉਂਦੇ ਰਹਿੰਦੇ ਹਨ, ਇਹ ਦੁਨੀਆ ਹੀ ਇਸੇ ਤਰ੍ਹਾਂ ਦੀ ਹੈ। ਔਰਤ, ਮਰਦ ਵੀ ਆਪਸ ਵੀ ਲੜ ਪੈਂਦੇ ਹਨ। ਇਸਤਰੀ ਪਤੀ ਨੂੰ ਵੀ ਥੱਪੜ ਮਾਰਨ ਵਿੱਚ ਦੇਰ ਨਹੀਂ ਕਰਦੀ। ਘਰ-2 ਵਿੱਚ ਝਗੜੇ ਹੁੰਦੇ ਰਹਿੰਦੇ ਹਨ। ਭਾਰਤਵਾਸੀ ਭੁੱਲੇ ਹੋਏ ਹਨ ਕਿ 5000 ਸਾਲ ਪਹਿਲੋਂ ਦੀ ਗੱਲ ਹੈ ਜਦੋਕਿ ਇਕ ਗੌਰਮਿੰਟ ਸੀ। ਹੁਣ ਤਾਂ ਕਈ ਗੋਰਮਿੰਟਾਂ ਅਤੇ ਕਈ ਧਰਮ ਹਨ ਤਾਂ ਜਰੂਰ ਝਗੜਾ ਰਹੇਗਾ। ਤੁਸੀਂ ਦਸਦੇ ਹੋ ਭਾਰਤ ਵਿੱਚ ਇਕ ਗੌਰਮਿੰਟ ਸੀ। ਉਸਨੂੰ ਕਿਹਾ ਜਾਂਦਾ ਹੈ ਭਗਵਾਨ, ਭਗਵਤੀ ਦੀ ਸਰਕਾਰ। ਭਗਤੀ ਮਾਰਗ ਹੁੰਦਾ ਹੀ ਬਾਅਦ ਵਿੱਚ ਹੈ, ਸਤਿਯੁਗ, ਤ੍ਰੇਤਾ ਵਿੱਚ ਭਗਤੀ ਹੁੰਦੀ ਨਹੀਂ। ਮਨੁੱਖ ਆਪਣਾ ਹੰਕਾਰ ਬਹੁਤ ਵਿਖਾਉਂਦੇ ਹਨ, ਪਰ ਗਿਆਨ ਕੋਡੀ ਦਾ ਵੀ ਨਹੀਂ ਹੈ। ਉਵੇਂ ਗਿਆਨ ਤਾਂ ਬਹੁਤ ਹੈ, ਡਾਕਟਰੀ ਦਾ ਗਿਆਨ ਹੈ, ਬੇਰਿਸਟਰੀ ਦਾ ਗਿਆਨ ਹੈ...। ਬਾਪ ਕਹਿੰਦੇ ਹਨ, ਜੋ ਡਾਕਟਰ ਆਫ ਫਿਲਾਸਫੀ ਕਹਿਲਾਉਂਦੇ ਹਨ, ਉਨ੍ਹਾਂ ਕੋਲ ਇਹ ਗਿਆਨ ਜਰਾ ਵੀ ਨਹੀਂ ਹੈ। ਫਿਲਾਸਫੀ ਕਿਸਨੂੰ ਕਿਹਾ ਜਾਂਦਾ ਹੈ। ਇਹ ਵੀ ਨਹੀਂ ਸਮਝਦੇ। ਤਾਂ ਤੁਸੀਂ ਬੱਚਿਆਂ ਨੂੰ ਸਰਵਿਸ ਦਾ ਸ਼ੌਕ ਹੋਣਾ ਚਾਹੀਦਾ ਹੈ, ਸਥਾਪਨਾ ਵਿੱਚ ਮਦਦਗਾਰ ਬਣਨਾ ਹੈ। ਚੰਗੀ ਚੀਜ਼ ਬਣਾ ਕੇ ਦੇਣੀ ਹੈ, ਜਿਵੇਂ ਦਾ ਮਨੁੱਖ ਹੁੰਦਾ ਹੈ, ਉਸ ਤਰ੍ਹਾਂ ਦਾ ਨਿਮੰਤਰਨ(ਸਦਾ) ਦਿੱਤਾ ਜਾਂਦਾ ਹੈ। ਜਿਵੇਂ ਸਰਕਾਰ ਵਿੱਚ ਬਹੁਤ ਅਫਸਰ ਹਨ, ਐਜੂਕੇਸ਼ਨ ਮਨਿਸਟਰ ਹੈ, ਚੀਫ ਮਨਿਸਟਰ ਹੈ, ਇਥੇ ਵੀ ਆਫਿਸ ਹੋਣਾ ਚਾਹੀਦਾ ਹੈ। ਡਾਇਰੈਕਸ਼ਨ ਨਿਕਲੇ, ਉਸਨੂੰ ਫਿਰ ਅਮਲ ਵਿੱਚ ਲਿਆਵੋ। ਹੁਣ ਦੇਖੋ ਗੋਰਖਪੁਰੀ ਗੀਤਾਵਾਂ ਨਿਕਲਦੀਆਂ ਹਨ, ਸਾਰੇ ਫ੍ਰੀ(ਮੁਫ਼ਤ) ਦੇਣ ਨੂੰ ਤਿਆਰ ਰਹਿੰਦੇ ਹਨ। ਜਿਹੜੀਆਂ ਵੀ ਸੰਸਥਾਵਾਂ ਹਨ, ਉਨ੍ਹਾਂ ਕੋਲ ਫੰਡਜ਼ ਬਹੁਤ ਹਨ। ਕਸ਼ਮੀਰ ਦਾ ਮਹਾਰਾਜਾ ਮਰਿਆ ਤਾਂ ਸਾਰੀ ਮਲਕੀਅਤ ਆਰਿਆ ਸਮਾਜੀਆਂ ਨੂੰ ਮਿਲੀ, ਕਿਉਂਕਿ ਉਹ ਆਰਿਆ ਸਮਾਜੀ ਸੀ। ਸੰਨਿਆਸੀਆਂ ਆਦਿ ਕੋਲ ਵੀ ਬੜੇ ਪੈਸੇ ਰਹਿੰਦੇ ਹਨ, ਤੁਹਾਡੇ ਕੋਲ ਵੀ ਜੋ ਪੈਸੇ ਆਦਿ ਹਨ ਉਹ ਸੇਵਾ ਵਿਚ ਲਗਾ ਰਹੇ ਹੋ। ਤਾਂਕਿ ਭਾਰਤ ਸਵਰਗ ਬਣੇ। ਤੁਸੀਂ ਸਵਰਗ ਬਣਾਉਣ ਵਿੱਚ ਮਦਦ ਕਰਦੇ ਹੋ। ਰਾਤ ਦਿਨ ਦਾ ਫਰਕ ਹੈ। ਉਹ ਦਿਨ ਪ੍ਰਤੀ ਦਿਨ ਨਰਕ ਵਾਸੀ ਬਣਦੇ ਜਾਂਦੇ ਹਨ। ਤੁਹਾਨੂੰ ਹੁਣ ਬਾਪ ਸਵਰਗਵਾਸੀ ਬਣਾ ਰਹੇ ਹਨ। ਹਨ ਤਾਂ ਸਾਰੇ ਗਰੀਬ, ਇਵੇਂ ਨਹੀਂ ਕਿ ਅਸੀਂ ਪੈਸਾ ਇਕੱਠੇ ਕਰਦੇ ਹਾਂ। ਤੁਸੀਂ ਤਾਂ ਕਹਿੰਦੇ ਹੋ ਬਾਬਾ ਇਹ ਪਾਈ ਪੈਸਾ ਸਭ ਯਗ ਵਿੱਚ ਸਰਵਿਸ ਵਿੱਚ ਲਗਾ ਦੇਵੋ। ਇਸ ਵੇਲੇ ਤਾ ਸਾਰੇ ਆਪਸ ਵਿੱਚ ਲੜਦੇ ਰਹਿੰਦੇ ਹਨ। ਇਕ ਗੌਰਮਿੰਟ ਤਾਂ ਹੋ ਨਹੀਂ ਸਕਦੀ। ਤਾਂ ਸਰਕਾਰ ਨੂੰ ਦੱਸਣਾ ਚਾਹੀਦਾ ਹੈ ਕਿ ਸੂਰਜਵੰਸ਼ੀ ਅਤੇ ਚੰਦਰਵੰਸ਼ੀ ਬਰੋਬਰ ਇਕ ਸਰਕਾਰ ਸੀ। ਤੁਸੀਂ ਵੀ ਚਾਹੁੰਦੇ ਹੋ ਤਾਂ ਉਹ ਹੋਵੇਗੀ ਜਰੂਰ।

ਬਾਪ ਸਵਰਗ ਦੀ ਸਥਾਪਨਾ ਕਰ ਰਹੇ ਹਨ, ਉਹ ਹੈ ਹੀ ਹੇਵਨਲੀ ਗੌਡ ਫਾਦਰ। ਅਸੀਂ ਵਨ ਡੀ.ਟੀ, ਗੌਰਮਿੰਟ ਸਥਾਪਨ ਕਰ ਰਹੇ ਹਾਂ। ਓਥੇ ਡੇਵਿਲ ਗੌਰਮਿੰਟ ਨਹੀਂ ਹੁੰਦੀ। ਉਨ੍ਹਾਂ ਸਾਰਿਆਂ ਦਾ ਵਿਨਾਸ਼ ਹੋ ਜਾਂਦਾ ਹੈ। ਤੁਹਾਡੇ ਕੋਲ ਨੋਲਜ ਬੜੀ ਵਧੀਆ ਹੈ, ਬੜਾ ਕੰਮ ਹੋ ਸਕਦਾ ਹੈ। ਦਿੱਲੀ ਹੈਡ ਆਫਿਸ ਹੈ, ਬੜੀ ਸੇਵਾ ਕਰ ਸਕਦੇ ਹੋ। ਉੱਥੇ ਬੱਚੇ ਵੀ ਬੜੇ ਚੰਗੇ ਹਨ। ਜਗਦੀਸ਼ ਸੰਜੇ ਵੀ ਹੈ। ਪ੍ਰੰਤੂ ਸੰਜੇ ਤਾਂ ਸਾਰੇ ਹਨ ਨਾ, ਇੱਕ ਨਹੀਂ। ਤੁਸੀਂ ਹਰ ਇਕ ਸੰਜੇ ਹੋ। ਤੁਹਾਡਾ ਕੰਮ ਹੈ ਸਭ ਨੂੰ ਰਸਤਾ ਦੱਸਣਾ। ਬਾਪ ਤਾਂ ਚੰਗੀ ਤਰ੍ਹਾਂ ਸਮਝਾਉਂਦੇ ਰਹਿੰਦੇ ਹਨ, ਪਰ ਬੱਚੇ ਆਪਣੇ ਹੀ ਕੰਮ-ਕਾਰ ਵਿੱਚ ਬੱਚਿਆਂ ਆਦਿ ਦੀ ਸੰਭਾਲ ਵਿੱਚ ਫੱਸੇ ਹੋਏ ਹਨ। ਗ੍ਰਹਿਸਤ ਵਿਵਹਾਰ ਵਿੱਚ ਰਹਿੰਦੇ ਬਾਪ ਦੇ ਮਦਦਗਾਰ ਬਣਨ, ਉਹ ਨਹੀਂ ਹੈ। ਇਥੇ ਤਾਂ ਸਰਵਿਸ ਕਰਕੇ ਵਿਖਾਉਣੀ ਹੈ। ਇਕ ਸਰਕਾਰ ਕਿਵੇਂ ਸਥਾਪਨ ਹੋ ਰਹੀ ਹੈ। ਇਹ ਚਕ੍ਰ, ਡਰਾਮਾ ਦੇਖੋ ਸਮਾਂ ਵਿਖਾ ਰਿਹਾ ਹੈ। ਜਿਵੇ ਰਾਵਣ ਦਾ ਚਿੱਤਰ ਬਣਾਇਆ ਹੈ, ਉਵੇਂ ਵੱਡਾ ਚੱਕਰ ਬਣਾ ਕੇ ਲਿਖਣਾ ਚਾਹੀਦਾ ਹੈ। ਹੁਣ ਕੰਢਾ ਆਕੇ ਪਹੁੰਚਿਆ ਹੈ। ਫਿਰ ਇਕ ਸਵਰਗ ਹੋਣੀ ਹੈ। ਬਾਬਾ ਡਾਇਰੈਕਸ਼ਨ ਦਿੰਦੇ ਹਨ। ਸ਼ਿਵਬਾਬਾ ਤਾਂ ਗਲੀਆਂ ਵਿੱਚ ਜਾ ਕੇ ਧੱਕੇ ਨਹੀਂ ਖਾਣਗੇ। ਜੇਕਰ ਇਹ ਜਾਣ(ਬ੍ਰਹਮਾ ਬਾਬਾ) ਤਾਂ ਮਤਲਬ ਸ਼ਿਵਬਾਬਾ ਨੂੰ ਧੱਕੇ ਖਾਣੇ ਪੈਣ। ਬੱਚਿਆਂ ਨੂੰ ਰਿਗਾਰਡ ਰੱਖਣਾ ਚਾਹੀਦਾ ਹੈ। ਇਹ ਸਰਵਿਸ ਕਰਨਾ ਬੱਚਿਆਂ ਦਾ ਕੰਮ ਹੈ। ਲਿਖਣਾ ਚਾਹੀਦਾ ਹੈ ਇੱਕ ਸਰਕਾਰ, ਜੋ ਭਾਰਤ ਵਿੱਚ ਸੀ, ਉਹ ਫਿਰ ਤੋਂ ਸਥਾਪਨ ਹੋ ਰਹੀ ਹੈ। ਕਿੰਨੇ ਸਾਲਾਂ ਤੋਂ ਇਹ ਯਗ ਰਚਿਆ ਹੋਇਆ ਹੈ। ਸਾਰੀ ਦੁਨੀਆ ਦਾ ਜੋ ਕਚਰਾ ਹੈ ਉਹ ਇਸ ਵਿੱਚ ਸਮਾਂ ਜਾਣਾ ਹੈ। ਹੈ ਬਹੁਤ ਸੌਖਾ, ਪਰ ਸਾਰਿਆਂ ਨੂੰ ਸਮਝਾਉਣ ਲਈ ਸਮਾਂ ਚਾਹੀਦਾ ਹੈ। ਰਾਜਾ ਤੇ ਕੋਈ ਹੈ ਨਹੀਂ। ਕਿਸੇ ਇਕ ਨੂੰ ਸਾਰੇ ਥੋੜੀ ਮੰਨਣਗੇ। ਪਹਿਲੋਂ ਕੋਈ ਵੀ ਨਵੀ ਖੋਜ ਹੁੰਦੀ ਤਾਂ ਰਾਜਾਵਾਂ ਕੋਲੋਂ ਉਸਦਾ ਵਿਸਤਾਰ ਕਰਵਾਉਂਦੇ ਸਨ ਕਿਉਂਕਿ ਰਾਜੇ ਵਿੱਚ ਬੜੀ ਤਾਕਤ ਰਹਿੰਦੀ ਹੈ। ਕਿੰਗ ਬਣਦੇ ਹਨ ਜਾ ਤੇ ਰਾਜਯੋਗ ਨਾਲ ਜਾ ਬਹੁਤ ਸਾਰਾ ਧਨ ਦਾਨ ਕਰਨ ਨਾਲ। ਇਥੇ ਤਾ ਹੈ ਹੀ ਪਰਜਾ ਦਾ ਰਾਜ, ਇਕ ਸਰਕਾਰ ਨਹੀਂ ਹੈ। ਇਕ ਫਕੀਰ ਸਿਪਾਹੀ ਵੀ ਸਰਕਾਰ ਹੈ, ਕਿਸੇ ਦਾ ਪਟਕਾ ਉਤਾਰਨ ਵਿੱਚ ਦੇਰ ਨਹੀਂ ਕਰਦੇ। ਇਸ ਤਰ੍ਹਾਂ ਦੇ ਬੜੇ ਕੰਮ ਹੁੰਦੇ ਰਹਿੰਦੇ ਹਨ। ਦੋ ਪੈਸਾ ਦੇਵੋ ਤਾ ਵੱਡੇ ਮਨਿਸਟਰ ਨੂੰ ਵੀ ਮਾਰ ਦਿੰਦੇ ਹਨ।

ਤਾਂ ਤੁਸੀਂ ਬੱਚਿਆਂ ਨੇ ਸੇਵਾ ਦਾ ਮੌਕਾ ਲੈਣਾ ਹੈ। ਸੋਨਾ ਨਹੀਂ ਹੈ। ਜਿਵੇ ਸਤਿਸੰਗ ਵਿਚ ਕਥਾ ਸੁਣ ਕੇ ਫਿਰ ਘਰ ਵਿੱਚ ਜਾ ਕੇ ਉਵੇਂ ਹੀ ਬਣ ਜਾਂਦੇ ਕੋਈ ਖੁਸ਼ੀ ਨਹੀਂ ਰਹਿੰਦੀ। ਇਵੇਂ ਬੱਚਿਆਂ ਵਿੱਚ ਵੀ ਖੁਸ਼ੀ ਘਟ ਹੈ। ਗੌਰਮਿੰਟ ਦਾ ਬਗੀਚਾ ਹੁੰਦਾ ਹੈ ਤਾਂ ਉਸ ਵਿਚ ਬੜੇ ਫਸਟਕਲਾਸ ਫੁੱਲ ਹੁੰਦੇ ਹਨ, ਉਨ੍ਹਾਂ ਦਾ ਮਹਿਕਮਾ ਹੀ ਵੱਖ ਹੁੰਦਾ ਹੈ। ਕੋਈ ਵੀ ਜਾਵੇਗਾ ਤਾਂ ਪਹਿਲੋਂ ਫਸਟਕਲਾਸ ਫੁੱਲ ਲਿਆ ਕੇ ਦੇਣਗੇ। ਬਾਪ ਦੀ ਵੀ ਇਹ ਫੁਲਵਾੜੀ ਹੈ, ਕੋਈ ਆਉਣਗੇ ਤਾਂ ਅਸੀਂ ਕੀ - ਕੀ ਸੈਰ ਕਰਾਵਾਂਗੇ? ਨਾਮ ਦੱਸਣਗੇ - ਕਿ ਇਹ ਚੰਗੇ-2 ਫੁੱਲ ਹਨ। ਟਾਂਗਰ ਅੱਕ ਦੇ ਵੀ ਫੁੱਲ ਬੈਠੇ ਹਨ, ਚਮਕਦੇ ਨਹੀਂ ਹਨ, ਸਰਵਿਸ ਨਹੀਂ ਕਰਦੇ। ਰੋਜ ਕਿਸੇ ਨਾ ਕਿਸੇ ਨੂੰ ਬਾਪ ਦਾ ਪਰਿਚੇ ਜਰੂਰ ਦੇਣਾ ਚਾਹੀਦਾ ਹੈ। ਤੁਸੀਂ ਤਾਂ ਗੁਪਤ ਹੋ, ਕਿੰਨੇ ਵਿਘਨ ਪੈਂਦੇ ਹਨ। ਸਰਵਿਸ ਲਾਇਕ ਬਣੇ ਨਹੀਂ ਹੋ। ਬਾਬਾ ਬਾਰ- ਬਾਰ ਕਹਿੰਦੇ ਹਨ ਮੰਦਿਰਾਂ ਵਿੱਚ ਜਾਵੋ। ਸ਼ਮਸ਼ਾਂਨ ਵਿੱਚ ਜਾਕੇ ਭਾਸ਼ਣ ਕਰਨਾ ਚਾਹੀਦਾ ਹੈ। ਬੱਚਿਆਂ ਨੇ ਸਰਵਿਸ ਦਾ ਸਬੂਤ ਦੇਣਾ ਹੈ। ਸੈਂਕੜਿਆਂ ਵਿੱਚੋ ਕੋਈ ਨਿਕਲਣਗੇ। ਮਿੱਤਰ ਸਮਬੰਧੀਆ ਆਦਿ ਨੂੰ ਵੀ ਸਮਝਾਉਣਾ ਚਾਹੀਦਾ ਹੈ। ਇਥੇ ਆਉਣ ਵਿੱਚ ਡਰਦੇ ਹਨ, ਤਾ ਘਰ ਵਿੱਚ ਜਾ ਕੇ ਸਮਝਾ ਸਕਦੇ ਹੋ। ਬਾਪ ਦਾ ਪਰਿਚੇ ਮਿਲਣ ਨਾਲ ਬਹੁਤ ਖੁਸ਼ ਹੋ ਜਾਣਗੇ। ਬਾਬਾ ਕਹਿੰਦੇ ਸਰਵਿਸ ਵਿਚ ਥਕਾਵਟ ਨਹੀਂ ਹੋਣੀ ਚਾਹੀਦੀ। 100 ਵਿੱਚੋ ਇਕ ਨਿਕਲੇਗਾ। ਬਾਦਸ਼ਾਹੀ ਸਥਾਪਨ ਕਰਨ ਲਈ ਸਹਿਣਾ ਜਰੂਰ ਪਵੇਗਾ। ਜਦੋ ਤੱਕ ਗਾਲੀ ਨਹੀਂ ਖਾਈ ਉਦੋਂ ਤੱਕ ਕਲਗੀਧਰ ਨਹੀ ਬਣ ਸਕਦੇ। ਗਿਆਨ ਦਾ ਨਸ਼ਾ ਚੜ੍ਹਿਆ ਹੋਇਆ ਹੈ, ਪਰ ਨਤੀਜਾ ਕਿੱਥੇ। ਅੱਛਾ 10-20 ਨੂੰ ਗਿਆਨ ਦਿੱਤਾ ਉਨ੍ਹਾਂ ਵਿੱਚੋਂ ਇਕ ਦੋ ਜਾਗੇ, ਉਹ ਵੀ ਦੱਸਣਾ ਚਾਹੀਦਾ ਹੈ ਨਾ। ਸਰਵਿਸ ਦਾ ਸ਼ੌਕ ਚਾਹੀਦਾ ਹੈ ਤਾਂ ਬਾਬਾ ਇਨਾਮ ਦੇਣਗੇ। ਬਾਪ ਦਾ ਪਰਿਚੇ ਦੋ, ਤੁਹਾਡਾ ਬਾਪ ਕੌਣ ਹੈ, ਤਾਂ ਹੀ ਫਿਰ ਵਰਸੇ ਦਾ ਨਸ਼ਾ ਚੜੇ। ਤੁਸੀਂ ਭਾਸ਼ਣ ਕਰੋ-ਦੁਨੀਆ ਵਿੱਚ ਸਿਵਾਏ ਬ੍ਰਹਮਾ ਕੁਮਾਰ-ਕੁਮਾਰੀਆ ਦੇ ਵਰਲਡ ਦੀ ਹਿਸਟਰੀ ਜਾਗਰਾਫੀ ਕੋਈ ਵੀ ਨਹੀਂ ਜਾਣਦਾ। ਚੈਲੰਜ ਕਰੋ। ਬਾਬਾ ਨੇ ਸ਼ਮਸ਼ਾਨ ਦੀ ਗੱਲ ਕੀਤੀ ਤਾਂ ਤੂਹਾਨੂੰ ਸ਼ਮਸ਼ਾਨ ਵਿੱਚ ਜਾ ਕੇ ਸਰਵਿਸ ਕਰਨੀ ਚਾਹੀਦੀ ਹੈ। ਕੰਮ-ਕਾਜ ਤਾਂ ਫਿਰ ਵੀ 6-8 ਘੰਟੇ ਕਰਨਗੇ। ਬਾਕੀ ਸਮਾਂ ਕਿਥੇ ਚਲਾ ਜਾਂਦਾ ਹੈ। ਇਸ ਤਰ੍ਹਾਂ ਫਿਰ ਉੱਚ ਪਦਵੀ ਪਾ ਨਹੀਂ ਸਕਣਗੇ। ਬਾਬਾ ਕਹਿਣਗੇ ਤੁਸੀਂ ਆਏ ਹੋ ਨਰਾਇਣ ਨੂੰ ਅਤੇ ਲਕਸ਼ਮੀ ਨੂੰ ਵਰਣ ਦੇ ਲਈ, ਪਰ ਆਪਣੀ ਸ਼ਕਲ ਤਾਂ ਵੇਖੋ? ਬਾਬਾ ਸਮਝਾਉਂਦੇ ਤਾਂ ਠੀਕ ਹਨ ਨਾ। ਇਕ ਹੀ ਟਾਪਿਕ ਉਠਾਓ। ਵਰਲਡ ਦੀ ਹਿਸਟਰੀ ਜਾਗਰਾਫੀ ਆਕੇ ਸਮਝੋ ਕਿਵੇਂ ਰਪੀਟ ਹੁੰਦੀ ਹੈ। ਅਖਬਾਰ ਵਿੱਚ ਪਾਓ, ਹਾਲ ਲੈਣ ਦੀ ਕੋਸ਼ਿਸ਼ ਕਰੋ। ਤੁਹਾਨੂੰ ਤਿੰਨ ਪੈਰ ਧਰਤੀ ਨਹੀਂ ਮਿਲਦੀ, ਕਿਉਂਕਿ ਪਹਿਚਾਣਦੇ ਨਹੀਂ ਹਨ।

ਤੁਸੀਂ ਹੋ ਪਰਮਧਾਮ ਦੇ ਫਾਰਨਰਜ। ਆਤਮਾਵਾਂ ਸਾਰੀਆਂ ਪਰਮਧਾਮ ਤੋਂ ਆਈਆਂ ਹਨ, ਤਾਂ ਇਥੇ ਸਾਰੇ ਵਿਦੇਸ਼ੀ ਹੋਏ ਨਾ। ਪਰ ਤੁਹਾਡੀ ਇਹ ਭਾਸ਼ਾ ਕੋਈ ਸਮਝਦੇ ਨਹੀਂ ਹਨ। ਇਥੇ ਸਾਕਾਰ ਵਿੱਚ ਨਹੀਂ ਦੱਸਿਆ ਜਾਂਦਾ ਕਿ ਪੈਰ ਛੁਹੋ, ਇਹ ਕਰੋ। ਜਿਵੇਂ ਸਾਧੂ ਸੰਤਾ ਮਹਾਤਮਾਵਾਂ ਦੇ ਪੈਰ ਧੋ ਕੇ ਪੀਂਦੇ ਹਨ ਉਸਨੂੰ ਤੱਤਵ ਪੂਜਾ ਕਿਹਾ ਜਾਂਦਾ ਹੈ। ਪੰਜ ਤੱਤਵ ਦਾ ਸ਼ਰੀਰ ਹੈ ਨਾ। ਭਾਰਤ ਦਾ ਕੀ ਹਾਲ ਹੋ ਗਿਆ ਹੈ। ਬਾਪ ਕਹਿੰਦੇ ਹਨ ਸਰਵਿਸ ਦਾ ਸਬੂਤ ਦੇਵੋ, ਸਾਰਿਆਂ ਨੂੰ ਸੁੱਖ ਦੇਵੋ। ਇਥੇ ਤਾਂ ਬਸ ਇਹ ਹੀ ਤਾਤ ਲੱਗੀ ਰਹੇ, ਇਹ ਹੀ ਚਿੰਤਾ ਰਹੇ। ਬੁੱਧੀ ਯੋਗ ਬਾਪ ਦੇ ਨਾਲ ਹੋਵੇ।

ਗੀਤ:- ਮਾਤਾ ਤੂ ਸਭ ਦੀ ਭਾਗਿਆ ਵਿਧਾਤਾ...

ਮਾਤਾ ਜਗਤ ਅੰਬਾਂ ਭਾਗਿਆ ਵਿਧਾਤਾ ਹੈ। ਪਦਵੀ ਮਾਤਾ ਪਾਉਂਦੀ ਹੈ। ਉਹ ਵੀ ਕਹਿੰਦੀ ਹੈ ਸ਼ਿਵਬਾਬਾ ਨੂੰ ਯਾਦ ਕਰੋ, ਮੈਂ ਵੀ ਓਨਾ

ਕੋਲੋਂ ਧਾਰਨ ਕਰਕੇ ਹੋਰਾਂ ਨੂੰ ਧਾਰਨ ਕਰਵਾਉਂਦੀ ਹਾਂ। ਸੋਭਾਗਿਆ ਬਣਾਉਂਦੀ ਹਾਂ। ਤੁਸੀਂ ਹੋ ਭਾਰਤ ਦੇ ਸੋਭਾਗਿਆ ਵਿਧਾਤਾ। ਤਾਂ ਕਿੰਨਾ ਨਸ਼ਾ ਹੋਣਾ ਚਾਹੀਦਾ ਹੈ। ਜੋ ਮੰਮਾ ਦੀ ਮਹਿਮਾ ਸੋ ਬਾਪ ਦੀ ਮਹਿਮਾ, ਸੋ ਦਾਦੇ ਦੀ। ਤੁਹਾਨੂੰ ਬੱਚਿਆਂ ਨੂੰ ਯਗ ਦੀ ਸਥੂਲ ਸੇਵਾ ਵੀ ਕਰਨੀ ਚਾਹੀਦੀ ਹੈ ਅਤੇ ਰੂਹਾਨੀ ਸੇਵਾ ਵੀ ਕਰਨੀ ਚਾਹੀਦੀ ਹੈ। ਮਨਮਨਾਭਵ ਦਾ ਮੰਤਰ ਸਭ ਨੂੰ ਦੇਣਾ ਹੈ। ਮਨਮਨਾਭਵ ਇਹ ਹੈ ਮਨਸਾ ਮਧਿਆ ਜੀ ਭਵ ਇਹ ਹੈ ਵਾਚਾ। ਇਸ ਵਿੱਚ ਕਰਮਨਾ ਵੀ ਆ ਗਈ। ਕੰਨਿਆਵਾ ਨੂੰ ਸਰਵਿਸ ਵਿੱਚ ਲੱਗ ਜਾਣਾ ਚਾਹੀਦਾ ਹੈ।

ਪਿੰਡਾਂ ਵਿੱਚ ਸਰਵਿਸ ਚੰਗੀ ਹੁੰਦੀ ਹੈ। ਵੱਡੇ ਸ਼ਹਿਰਾਂ ਵਿੱਚ ਫੈਸ਼ਨ ਬਹੁਤ ਹੈ। ਟੈਮਪਟੇਸ਼ਨ ਬਹੁਤ ਹੈ ਤਾਂ ਕੀ ਕਰੀਏ? ਕੀ ਵੱਡੇ ਸ਼ਹਿਰਾਂ ਨੂੰ ਛੱਡ ਦਈਏ? ਇਸ ਤਰ੍ਹਾਂ ਵੀ ਨਹੀਂ। ਵੱਡੇ ਸ਼ਹਿਰਾਂ ਵਿੱਚੋ ਸਾਹੂਕਾਰਾਂ ਤੋਂ ਆਵਾਜ਼ ਨਿਕਲੇਗਾ। ਬਾਕੀ ਦੁਨੀਆ ਨੂੰ ਤਾਂ ਇਸ ਮਨਮਨਾਭਵ ਦੇ ਮੰਤਰ ਨਾਲ ਸਵਰਗ ਬਣਾਉਣਾ ਹੈ। ਬਾਪ ਬੈਠ ਸਮਝਾਉਂਦੇ ਹਨ, ਇਹ ਜਗਦੰਬਾ ਕੌਣ ਹੈ, ਇਹ ਹੈ ਭਾਰਤ ਦੀ ਸੋਭਾਗਿਆ ਵਿਧਾਤਾ, ਇਨ੍ਹਾਂ ਦੀ ਸ਼ਿਵ ਸ਼ਕਤੀ ਸੈਨਾ ਵੀ ਮਸ਼ਹੂਰ ਹੈ। ਹੈੱਡ ਹੈ ਜਗਦੰਬਾ ਮਤਲਬ ਭਾਰਤ ਵਿੱਚ ਇਕ ਗੌਰਮਿੰਟ ਦੀ ਸਥਾਪਨਾ ਕਰਨ ਵਾਲੀ ਹੈੱਡ। ਭਾਰਤ ਮਾਤਾ ਸ਼ਕਤੀ ਅਵਤਾਰ ਨੇ ਭਾਰਤ ਵਿੱਚ ਇਕ ਗੌਰਮਿੰਟ ਦੀ ਸਥਾਪਨਾ ਕੀਤੀ ਹੈ, ਸ੍ਰੀਮਤ ਦੇ ਆਧਾਰ ਤੇ । ਅੱਛਾ।

ਮਿੱਠੇ - ਮਿੱਠੇ ਸਿਕੀਲਧੇ ਬੱਚਿਆਂ ਪ੍ਰਤੀ ਮਾਤ-ਪਿਤਾ ਬਾਪਦਾਦਾ ਦਾ ਯਾਦ-ਪਿਆਰ ਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1 ਬੁੱਧੀਯੋਗ ਇਕ ਬਾਪ ਨਾਲ ਰੱਖਣਾ ਹੈ। ਮਨਮਨਾਭਵ ਦੇ ਛੂ ਮੰਤਰ ਨਾਲ ਇਸ ਦੁਨੀਆ ਨੂੰ ਸਵਰਗ ਬਣਾਉਣਾ ਹੈ।

2 ਸਰਵਿਸ ਵਿੱਚ ਕਦੇ ਥੱਕਣਾ ਨਹੀਂ ਹੈ, ਸਥੂਲ ਸੇਵਾ ਦੇ ਨਾਲ ਨਾਲ ਰੂਹਾਨੀ ਸੇਵਾ ਵੀ ਕਰਨੀ ਹੈ। ਮਨਮਨਾਭਵ ਦਾ ਮੰਤਰ ਸਭ ਨੂੰ ਯਾਦ ਦਿਵਾਉਣਾ ਹੈ।

ਵਰਦਾਨ:- ਬਾਪ ਸਮਾਨ ਹਰ ਆਤਮਾ ਤੇ ਕ੍ਰਿਪਾ ਅਤੇ ਰਹਿਮ ਕਰਨ ਵਾਲੇ ਮਾਸਟਰ ਰਹਿਮਦਿਲ ਭਵ

ਜਿਵੇਂ ਬਾਪ ਰਹਿਮਦਿਲ ਹੈ, ਇਵੇਂ ਤੁਸੀਂ ਬੱਚੇ ਵੀ ਸਭ ਤੇ ਕਿਰਪਾ ਅਤੇ ਰਹਿਣ ਕਰੋਂਗੇ ਕਿਉਂਕਿ ਬਾਪ ਸਮਾਨ ਨਿਮਿਤ ਬਣੇ ਹੋਏ ਹੋ। ਬ੍ਰਾਹਮਣ ਆਤਮਾ ਨੂੰ ਕਦੇ ਕਿਸੇ ਆਤਮਾ ਦੇ ਪ੍ਰਤੀ ਘ੍ਰਿਣਾ ਨਹੀਂ ਆ ਸਕਦੀ। ਭਾਵੇਂ ਕੋਈ ਕੰਸ ਹੋਵੇ, ਜਰਾਸੰਧੀ ਹੋਵੇ ਜਾਂ ਰਾਵਣ ਹੋਵੇ - ਕੋਈ ਵੀ ਹੋਵੇ ਲੇਕਿਨ ਫਿਰ ਵੀ ਰਹਿਮਦਿਲ ਬਾਪ ਦੇ ਬੱਚੇ ਘ੍ਰਿਣਾ ਨਹੀਂ ਕਰਨਗੇ। ਪਰਿਵਰਤਨ ਦੀ ਭਾਵਨਾ, ਕਲਿਆਣ ਦੀ ਭਾਵਨਾ ਰੱਖੋਗੇ ਕਿਉਂਕਿ ਫਿਰ ਵੀ ਆਪਣਾ ਪਰਿਵਾਰ ਹੈ, ਪਰਵਸ਼ ਹੈ, ਪਰਵਸ਼ ਦੇ ਉੱਪਰ ਘ੍ਰਿਣਾ ਨਹੀਂ ਆਉਂਦੀ।

ਸਲੋਗਨ:- ਮਾਸਟਰ ਗਿਆਨ ਸੂਰਜ ਬਣ ਸ਼ਕਤੀਆਂ ਰੂਪੀ ਕਿਰਨਾਂ ਨਾਲ ਕਮਜੋਰੀ ਰੂਪੀ ਕਿਚੜੇ ਨੂੰ ਭਸਮ ਕਰ ਦਵੋ।

******